ਤੁਰੰਤ ਰਿਲੀਜ ਲਈ

Media Release

# ਸਿਟੀ ਆਫ ਬ੍ਰੈਂਪਟਨ ਨੇ ਸ਼ੈਰੀਡਨ ਦੇ ਨਵੇਂ ਸੈਂਟਰ ਫਾਰ ਹੈਲਦੀ ਕਮਿਉਨਿਟੀਜ ਲਈ 2.5 ਮਿਲੀਅਨ ਡਾਲਰ ਦੇ ਨਾਲ ਬ੍ਰੈਂਪਟਨ ਵਿੱਚ ਹੈਲਥ ਕੇਅਰ ਲਈ ਵੱਧ ਮਜ਼ਬੂਤ ਭਵਿੱਖ ਵਿੱਚ ਨਿਵੇਸ਼ ਕਰਨਾ ਜਾਰੀ ਰੱਖਿਆ

ਬ੍ਰੈਂਪਟਨ, ਓਨਟੈਰੀਓ (7 ਜੂਨ, 2022) – ਸਿਟੀ ਆਫ ਬ੍ਰੈਂਪਟਨ ਨੇ ਲੋਕਲ ਹੈਲਥ ਕੇਅਰ ਲਈ ਵੱਧ ਮਜ਼ਬੂਤ ਭਵਿੱਖ ਵਿੱਚ ਨਿਵੇਸ਼ ਕਰਨਾ ਜਾਰੀ ਰੱਖਿਆ। ਇਸ ਵਾਸਤੇ ਬ੍ਰੈਂਪਟਨ ਸਿਟੀ ਕਾਉਂਸਿਲ (Brampton City Council) ਨੇ, ਸ਼ੈਰੀਡਨ ਕਾਲੇਜ (Sheridan College) ਦੇ ਨਵੇਂ ਸੈਂਟਰ ਫਾਰ ਹੈਲਦੀ ਕਮਿਉਨਿਟੀਜ (Centre for Healthy Communities) ਦੀ ਹਿਮਾਇਤ ਲਈ, 2.5 ਮਿਲੀਅਨ ਡਾਲਰ ਦੀ ਫੰਡਿੰਗ ਨੂੰ ਪ੍ਰਵਾਨਗੀ ਦਿੱਤੀ।

ਕ੍ਰੋਨਿਕ ਬੀਮਾਰੀਆਂ ਤੋਂ ਪੀੜਿਤ ਲੋਕਾਂ ਲਈ ਬਿਹਤਰ ਦੇਖਭਾਲ ਪ੍ਰਦਾਨ ਕਰਨ ਅਤੇ ਪੀਲ ਰੀਜਨ (Peel Region) ਵਿੱਚ, ਮੈਡੀਕਲ ਪ੍ਰੋਫੈਸ਼ਨਲਾਂ ਦੀ ਬੇਹੱਦ ਜ਼ਰੂਰੀ ਲੋੜ ਨੂੰ ਪੂਰਾ ਕਰਨ ਵਿੱਚ ਮਦਦ ਲਈ, ਸੈਂਟਰ ਫਾਰ ਹੈਲਦੀ ਕਮਿਉਨਿਟੀਜ ਹੇਠਾਂ ਲਿਖੇ ਕੰਮ ਕਰੇਗਾ:

- ਬ੍ਰੈਂਪਟਨ ਵਿੱਚ ਨਰਸਾਂ ਅਤੇ ਸਬੰਧਿਤ ਹੈਲਥ ਪ੍ਰੋਫੈਸ਼ਨਲਾਂ ਦੀ ਅਗਲੀ ਪੀੜ੍ਹੀ ਨੂੰ ਟ੍ਰੇਨਿੰਗ ਦੇਣਾ, ਜੋ ਬ੍ਰੈਂਪਟਨ, ਪੀਲ ਅਤੇ ਓਨਟੈਰੀਓ ਦੇ ਲੋਕਾਂ ਦੀ ਦੇਖਭਾਲ ਕਰਨਗੇ; ਅਤੇ ਸੱਭਿਆਚਾਰਕ ਤੌਰ ਤੇ ਢੁੱਕਵੀਂ ਦੇਖਭਾਲ ਲਈ ਇੱਕ ਸਾਂਝੇ ਵਿਜਨ ਦੀ ਹਿਮਾਇਤ ਕਰਨਾ।
- ਵਿਦਿਆਰਥੀਆਂ, ਅਕੈਡਮਿਕਸ, ਮੈਡੀਕਲ ਪ੍ਰੋਫੈਸ਼ਨਲਾਂ, ਟੈਕਨੋਲੋਜੀ ਇਨੋਵੇਟਰਾਂ, ਸੋਸ਼ਲ ਸਰਵਿਸ ਪ੍ਰੋਵਾਈਡਰਾਂ ਅਤੇ ਨਿਵਾਸੀਆਂ ਵਿਚਕਾਰ, ਇਨੋਵੇਸ਼ਨ ਅਤੇ ਭਾਈਵਾਲੀਆਂ ਦੀ ਲਿਵਿੰਗ ਲੈਬ ਬਣਨਾ।
- ਇੰਟਰਪ੍ਰੋਫੈਸ਼ਨਲ, ਨਿਵਾਰਕ ਦੇਖਭਾਲ ਦੇ ਦੁਆਰਾ, ਕ੍ਰੋਨਿਕ ਬੀਮਾਰੀ ਪ੍ਰਬੰਧਨ ਤੇ ਧਿਆਨ ਦੇ ਕੇ ਹਾੱਲਵੇ ਹੈਲਥ ਕੇਅਰ ਤੇ ਤਵੱਜੋ ਦੇਣ ਵਿੱਚ ਮਦਦ ਕਰਨਾ।
- ਲੋਕਲ ਅਤੇ ਰੀਜਨਲ ਤੌਰ ਤੇ ਆਰਥਿਕ ਵਾਧੇ ਨੂੰ ਪ੍ਰੇਰਿਤ ਕਰਨਾ, ਜੋ ਉਸਾਰੀ, ਦੇਖਭਾਲ, ਸਿੱਖਿਆ, ਹੈਲਥ ਕੇਅਰ, ਐਡਮਿਨਿਸਟ੍ਰੇਸ਼ਨ, ਇੰਡਸਟਰੀ ਭਾਈਵਾਲੀਆਂ ਵਿੱਚ, ਅਨੁਮਾਨਿਤ 200 ਤੋਂ 500 ਤੱਕ ਨਵੀਆਂ ਨੌਕਰੀਆਂ ਅਤੇ ਖੇਤਰ ਲਈ ਵਧੇ ਹੋਏ ਟ੍ਰਾਂਜ਼ਿਟ ਕਨੈਕਸ਼ਨਾਂ ਦੇ ਦੁਆਰਾ ਹੋਵੇਗਾ।
- ਬ੍ਰੈਂਪਟਨ ਵਿੱਚ ਪੋਸਟ ਸੈਕੰਡਰੀ ਵਿਕਲਪਾਂ ਨੂੰ ਵਧਾਉਣਾ, ਜੋ ਕਲੀਨੀਕਲ ਕਿਨੇਸਿਓਲੋਜੀ (Clinical Kinesiology), ਰੈਗੁਲੇਟਰੀ ਅਫੇਅਰਸ ਅਤੇ ਕਲੀਨੀਕਲ ਰਿਸਰਚ ਅਤੇ ਵਿਚਾਰਅਧੀਨ ਪ੍ਰੋਵਿੰਸ਼ੀਅਲ ਪ੍ਰਵਾਨਗੀ, ਬੈਚਲਰਸ ਆਫ ਨਰਸਿੰਗ ਐਂਡ ਔਸਟਿਓਪੈਥੀ (Bachelors of Nursing and Osteopathy) ਵਿੱਚ, ਗ੍ਰੈਜੂਏਟ ਸਰਟੀਫਿਕੇਟ ਸ਼ਾਮਲ ਕਰਕੇ ਹੋਵੇਗਾ।

ਸਿਟੀ ਦੀ ਫੰਡਿੰਗ, ਸ਼ੈਰੀਡਨ ਦੇ 20 ਮਿਲੀਅਨ ਡਾਲਰ ਦੇ ਨਿਵੇਸ਼ ਵਿੱਚ ਵਾਧਾ ਕਰਦੀ ਹੈ। ਇਹ, ਬ੍ਰੈਂਪਟਨ ਵਿੱਚ ਡੇਵਿਸ (Davis) ਕੈਂਪਸ ਵਿਖੇ ਨਵੀਂ ਬਿਲਡਿੰਗ ਦੀ ਪਲਾਨਿੰਗ ਅਤੇ ਕੰਸਲਟੇਸ਼ਨ ਵਿੱਚ ਸਹਾਇਤਾ ਕਰੇਗੀ। ਕੁਝ ਨਵੀਂ ਪ੍ਰੋਗਰਾਮਿੰਗ, ਪਤਝੜ 2022 ਵਿੱਚ ਜਲਦੀ ਸ਼ੁਰੂ ਹੋ ਜਾਵੇਗੀ, ਜਦਕਿ ਬਾਕੀ ਨਵੀਆਂ ਥਾਵਾਂ ਦੀਆਂ ਵਿਚਾਰਅਧੀਨ ਪ੍ਰਵਾਨਗੀਆਂ ਅਤੇ ਵਿਕਾਸ ਦੇ ਪੂਰਾ ਹੋਣ ਤੇ ਉਪਲਬਧ ਹੋਵੇਗੀ।

**ਬ੍ਰੈਂਪਟਨ ਲਈ ਫੇਅਰ ਡੀਲ**

22 ਜਨਵਰੀ, 2020 ਨੂੰ, ਸਿਟੀ ਆਫ ਬ੍ਰੈਂਪਟਨ ਨੇ ਹੈਲਥ ਕੇਅਰ ਐਮਰਜੈਂਸੀ ਦਾ ਐਲਾਨ ਕੀਤਾ ਸੀ ਅਤੇ ਆਪਣੇ ਐਡਵੋਕੇਸੀ ਕੈਂਪੇਨ, "ਫੇਅਰ ਡੀਲ ਫਾਰ ਬ੍ਰੈਂਪਟਨ" ("Fair Deal for Brampton") ਦੀ ਸ਼ੁਰੂਆਤ ਕੀਤੀ ਸੀ – ਇਸ ਕੈਂਪੇਨ ਵਿੱਚ ਸੂਬੇ ਤੋਂ ਵਾਧੂ ਫੰਡਿੰਗ ਦੀ ਬੇਨਤੀ ਕੀਤੀ ਗਈ ਸੀ, ਤਾਂ ਜੋ ਬ੍ਰੈਂਪਟਨ ਦੇ ਹੈਲਥ ਕੇਅਰ ਗੈਪ ਨੂੰ ਪੂਰਾ ਕੀਤਾ ਜਾ ਸਕੇ। ਸਿਟੀ, ਬ੍ਰੈਂਪਟਨ ਵਿੱਚ ਹੈਲਥ ਕੇਅਰ ਐਮਰਜੈਂਸੀ ਤੇ ਧਿਆਨ ਦੇਣ ਵਾਸਤੇ ਅਤੇ ਇਹ ਯਕੀਨੀ ਬਣਾਉਣ ਲਈ ਲਗਾਤਾਰ ਕਦਮ ਚੁੱਕ ਰਹੀ ਹੈ ਕਿ ਹੈਲਥ ਕੇਅਰ ਪ੍ਰੈਕਟਿਸ਼ਨਰਾਂ ਦੀ ਅਗਲੀ ਪੀੜ੍ਹੀ ਨੂੰ, ਸ਼ਹਿਰ ਵਿੱਚ ਲੋਕਲ ਤੌਰ ਤੇ ਹੀ ਟ੍ਰੇਨਿੰਗ ਦਿੱਤੀ ਜਾ ਸਕਦੀ ਹੈ।

ਫੇਅਰ ਡੀਲ ਫਾਰ ਬ੍ਰੈਂਪਟਨ ਕੈਂਪੇਨ ਬਾਰੇ ਹੋਰ ਜਾਣਕਾਰੀ ਲਈ, Brampton.ca ਤੇ ਜਾਓ।

**ਸੰਖੇਪ ਤੱਥ**

- ਮਾਰਚ 2021 ਵਿੱਚ, ਸਿਟੀ ਨੇ ਪ੍ਰੋਵਿੰਸ਼ੀਅਲ ਸਰਕਾਰ ਦੇ ਬਜਟ ਸਬੰਧੀ ਐਲਾਨ ਦਾ ਸੁਆਗਤ ਕੀਤਾ (welcomed a budget announcement from the Provincial government), ਜਿਸ ਵਿੱਚ ਸਰਕਾਰ ਨੇ ਓਸਲਰ ਦੇ ਪੀਲ ਮੈਮੋਰੀਅਲ ਹੈਲਥ ਸਿਸਟਮ ਫਾਰ ਇੰਟੀਗ੍ਰੇਟਿਡ ਹੈਲਥ ਐਂਡ ਵੈਲਨੈਸ (Osler's Peel Memorial Centre for Integrated Health and Wellness) ਦਾ ਵਿਸਤਾਰ, ਨਵੇਂ ਹਸਪਤਾਲ ਵਿੱਚ ਕਰਨ ਲਈ ਫੰਡਿੰਗ ਦਾ ਐਲਾਨ ਕੀਤਾ ਸੀ।
- 2022 ਦੇ ਬਜਟ ਦੇ ਹਿੱਸੇ ਵਜੋਂ, ਸਿਟੀ ਨੇ ਹੈਲਥ ਕੇਅਰ ਵਿਸਤਾਰ ਲਈ ਆਪਣੀ ਵਚਨਬੱਧਤਾ ਦਰਸਾਈ ਸੀ (showed its commitment to health care expansion), ਜਿਸ ਵਿੱਚ ਨਵੇਂ ਪੀਲ ਮੈਮੋਰੀਅਲ ਹਸਪਤਾਲ (Peel Memorial Hospital) ਲਈ ਲੋਕਲ ਹਿੱਸੇ ਵਿੱਚ, 62.5 ਮਿਲੀਅਨ ਡਾਲਰ ਦੀ ਫੰਡਿੰਗ ਨਿਯਤ ਕੀਤੀ ਗਈ ਸੀ। ਅਪ੍ਰੈਲ ਵਿੱਚ, ਸਿਟੀ ਨੇ ਇਸ ਵਚਨਬੱਧਤਾ ਨੂੰ ਪੂਰਾ ਕਰਨ ਅਤੇ ਹੈਲਥ ਕੇਅਰ ਵਿਸਤਾਰ ਦੀ ਹਿਮਾਇਤ ਲਈ, ਇੱਕ ਪ੍ਰਤੀਸ਼ਤ ਹਸਪਤਾਲ ਲੇਵੀ ਲਈ ਪ੍ਰਵਾਨਗੀ ਦਿੱਤੀ ਸੀ।
- ਮਾਰਚ 2022 ਵਿੱਚ, ਓਨਟੈਰੀਓ ਸਰਕਾਰ ਨੇ ਐਲਾਨ ਕੀਤਾ ਕਿ ਉਹ ਮੈਡੀਕਲ ਸਕੂਲ ਸਿੱਖਿਆ ਦਾ ਵਿਸਤਾਰ ਕਰ ਰਹੀ ਹੈ, ਜਿਸ ਵਿੱਚ ਵੱਧ ਮਜ਼ਬੂਤ, ਵੱਧ ਸਥਿਰ ਹੈਲਥਕੇਅਰ ਸਿਸਟਮ ਬਣਾਇਆ ਜਾਵੇਗਾ, ਇਸ ਵਿੱਚ ਸ਼ਾਮਲ ਹੈ, ਬ੍ਰੈਂਪਟਨ ਵਿੱਚ ਜਦੋਂ ਰਾਇਰਸਨ ਯੂਨੀਵਰਸਿਟੀ ਸਕੂਲ ਆਫ ਮੈਡੀਸਿਨ (Ryerson University School of Medicine) 2025 ਵਿੱਚ ਖੁੱਲੇਗਾ, ਤਾਂ ਇਸ ਲਈ 80 ਅੰਡਰਗ੍ਰੈਜੂਏਟ ਸੀਟਾਂ ਅਤੇ 95 ਪੋਸਟਗ੍ਰੈਜੂਏਟ ਪੋਜੀਸ਼ਨਾਂ ਸ਼ਾਮਲ ਕਰਨਾ। ਜੁਲਾਈ 2021 ਵਿੱਚ, ਬ੍ਰੈਂਪਟਨ ਸਿਟੀ ਕਾਉਂਸਿਲ ਨੇ 1 ਮਿਲੀਅਨ ਡਾਲਰ ਪਲਾਨਿੰਗ ਗ੍ਰਾਂਟ ਦੇ ਪੱਖ ਵਿੱਚ ਵੋਟ ਦਿੱਤੀ ਸੀ (Brampton City Council voted in favour of a $1 million planning grant), ਤਾਂ ਜੋ ਸ਼ਹਿਰ ਵਿੱਚ ਭਵਿੱਖੀ ਸਕੂਲ ਆਫ ਮੈਡੀਸਿਨ (School of Medicine) ਨੂੰ ਫੰਡ ਦੇਣ ਵਿੱਚ ਮਦਦ ਕੀਤੀ ਜਾ ਸਕੇ, ਇਹ ਉਸ ਸਾਲ ਪਹਿਲਾਂ, ਓਨਟੈਰੀਓ ਸੂਬੇ ਵੱਲੋਂ ਨਿਵੇਸ਼ ਕੀਤੀ (invested by the Province of Ontario) ਫੰਡਿੰਗ ਦੇ ਨਾਲ ਮੇਲ ਖਾਂਦੀ ਹੈ। ਬ੍ਰੈਂਪਟਨ ਵਿੱਚ ਇੱਕ ਮੈਡੀਕਲ ਸਕੂਲ ਦੀ ਸਥਾਪਨਾ ਕਰਨਾ, ਸਿਟੀ ਦੇ ਜਾਰੀ ਐਡਵੋਕੇਸੀ ਕੰਮ ਦਾ ਇੱਕ ਖਾਸ ਹਿੱਸਾ ਰਿਹਾ ਹੈ ਅਤੇ ਇਸਨੂੰ ਸਿਟੀ ਦੇ 2022 ਦੇ ਓਨਟੈਰੀਓ ਪ੍ਰੀ-ਬਜਟ ਸਬਮਿਸ਼ਨ (City's 2022 Ontario Pre-Budget Submission) ਵਿੱਚ ਸ਼ਾਮਲ ਕੀਤਾ ਗਿਆ ਸੀ।
- ਅਪ੍ਰੈਲ 2022 ਵਿੱਚ, ਸੂਬੇ ਨੇ ਐਲਾਨ ਕੀਤਾ ਕਿ ਉਹ 21 ਮਿਲੀਅਨ ਡਾਲਰ ਦਾ ਨਿਵੇਸ਼ ਕਰ ਰਿਹਾ ਹੈ (Province announced that it is investing $21 million), ਤਾਂ ਜੋ ਓਸਲਰ ਦੇ ਪੀਲ ਮੈਮੋਰੀਅਲ ਨੂੰ 24/7 ਐਮਰਜੈਂਸੀ ਡਿਪਾਰਟਮੈਂਟ ਵਾਲੇ ਨਵੇਂ ਭਰਤੀ ਰੋਗੀ ਹਸਪਤਾਲ ਵਿੱਚ ਬਦਲਣ ਅਤੇ ਬ੍ਰੈਂਪਟਨ ਸਿਵਿਕ ਹਸਪਤਾਲ (Brampton Civic Hospital) ਵਿਖੇ ਕੈਂਸਰ ਕੇਅਰ ਸੇਵਾਵਾਂ ਦੇ ਵਿਸਤਾਰ ਨੂੰ ਹੋਰ ਹਿਮਾਇਤ ਮਿਲ ਸਕੇ।

**ਹਵਾਲੇ**

"ਸਿਟੀ ਆਫ ਬ੍ਰੈਂਪਟਨ, ਸਾਡੇ ਲੋਕਲ ਹੈਲਥ ਕੇਅਰ ਸਿਸਟਮ ਨੂੰ ਮਜ਼ਬੂਤ ਬਣਾਉਣ ਲਈ ਵਚਨਬੱਧ ਹੈ, ਜੋ ਲੋਕਲ ਪ੍ਰਤਿਭਾ ਨੂੰ ਵਿਕਸਿਤ ਕਰੇ, ਆਰਥਿਕ ਵਾਧਾ ਪੈਦਾ ਕਰੇ ਅਤੇ ਸਾਡੇ ਨਿਵਾਸੀਆਂ ਦੀ ਲੋੜਾਂ ਨੂੰ ਪੂਰਾ ਕਰੇ। ਸ਼ੈਰੀਡਨ ਕਾਲੇਜ ਦੇ ਨਵੇਂ ਸੈਂਟਰ ਫਾਰ ਹੈਲਦੀ ਕਮਿਉਨਿਟੀਜ ਲਈ ਇਹ ਵਚਨਬੱਧਤਾ, ਨਾ ਸਿਰਫ ਸਾਡੇ ਨਿਵਾਸੀਆਂ ਲਈ ਹੈਲਥ ਕੇਅਰ ਦੀ ਉਪਲਬਧਤਾ ਵਿੱਚ ਸੁਧਾਰ ਕਰੇਗੀ, ਬਲਕਿ ਇਹ ਨੌਕਰੀਆਂ ਅਤੇ ਪ੍ਰਤਿਭਾ ਨੂੰ ਆਕਰਸ਼ਿਤ ਕਰਨ ਅਤੇ ਕਾਇਮ ਰੱਖਣ ਵਿੱਚ ਮਦਦ ਕਰਦੇ ਹੋਏ, ਲੋਕਲ ਤੌਰ ਤੇ ਸਥਿਰ ਆਰਥਿਕ ਵਿਕਾਸ ਨੂੰ ਵੀ ਮਜ਼ਬੂਤ ਕਰੇਗੀ, ਸਿਰਫ ਬ੍ਰੈਂਪਟਨ ਵਿੱਚ ਹੀ ਸ਼ੈਰੀਡਨ ਕੈਂਪਸ ਵਿਖੇ ਅਨੁਮਾਨਿਤ 200 ਤੋਂ 500 ਫੁਲ-ਟਾਈਮ ਨੌਕਰੀਆਂ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਬ੍ਰੈਂਪਟਨ ਦੇ ਨਿਵਾਸੀ, ਸਾਡੇ ਵਿਕਾਸਸ਼ੀਲ ਸ਼ਹਿਰ ਵਿੱਚ ਹੀ ਮੌਜੂਦ ਵਧੀਆ ਕਿਸਮ ਦੀ ਹੈਲਥ ਕੇਅਰ ਅਤੇ ਸਿੱਖਿਆ ਦੇ ਹੱਕਦਾਰ ਹਨ। ਸ਼ੈਰੀਡਨ ਕਾਲੇਜ ਲਈ ਖੇਤਰ ਦਾ ਰੀਜਨਲ ਕਾਉਂਸਲਰ ਹੋਣ ਵਜੋਂ, ਮੈਨੂੰ ਇਸ ਨਿਵੇਸ਼ ਦੀ ਹਿਮਾਇਤ ਕਰਕੇ ਖੁਸ਼ੀ ਹੋਈ ਸੀ, ਜੋ ਕਮਿਉਨਿਟੀ ਦੀਆਂ ਹੈਲਥ ਸਬੰਧੀ ਲੋੜਾਂ ਤੇ

ਧਿਆਨ ਦੇਣ ਵਿੱਚ ਮਦਦ ਕਰਦੇ ਹੋਏ, ਕੁਆਲਿਟੀ ਪੋਸਟ-ਸੈਕੰਡਰੀ ਸਿੱਖਿਆ ਤੱਕ ਪਹੁੰਚ ਵਿੱਚ ਸੁਧਾਰ ਪ੍ਰਦਾਨ ਕਰਨ ਵਿੱਚ ਮਦਦ ਕਰੇਗਾ, ਜਿੱਥੋਂ ਉਹ ਪ੍ਰਤਿਭਾ ਨਿੱਕਲੇਗੀ, ਜਿਸਦੀ ਸਾਡੇ ਇੰਪਲਾਇਰਸ ਨੂੰ ਲੋੜ ਹੈ।"

*- ਮਾਰਟਿਨ ਮੇਡੇਇਰੋਸ (Martin Medeiros), ਰੀਜਨਲ ਕਾਉਂਸਲਰ, ਵਾਰਡਸ 3 ਅਤੇ 4, ਸਿਟੀ ਆਫ ਬ੍ਰੈਂਪਟਨ*

"ਬ੍ਰੈਂਪਟਨ, ਕੈਨੇਡਾ ਦੀਆਂ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੀਆਂ ਅਤੇ ਸਭ ਤੋਂ ਵੱਧ ਨੌਜਵਾਨ ਕਮਿਉਨਿਟੀਜ ਵਿੱਚੋਂ ਇੱਕ ਹੈ ਅਤੇ ਮੌਕਿਆਂ ਦਾ ਸ਼ਹਿਰ ਹੋਣ ਵਜੋਂ, ਅਸੀਂ ਸਾਡੇ ਨਿਵਾਸੀਆਂ ਲਈ ਪੋਸਟ ਸੈਕੰਡਰੀ ਮੌਕਿਆਂ ਦੇ ਵਿਸਤਾਰ ਕਰਨ ਅਤੇ ਭਵਿੱਖੀ ਹੈਲਥ ਕੇਅਰ ਲੋੜਾਂ ਵਾਸਤੇ ਤਿਆਰ ਹੋਣ ਲਈ ਵਚਨਬੱਧ ਹਾਂ। ਸ਼ੈਰੀਡਨ ਕਾਲੇਜ ਦੇ ਨਵੇਂ ਸੈਂਟਰ ਫਾਰ ਹੈਲਦੀ ਕਮਿਉਨਿਟੀਜ ਵਿੱਚ ਇਹ ਨਿਵੇਸ਼, ਮੈਡੀਕਲ ਪ੍ਰੋਫੈਸ਼ਨਲਾਂ ਲਈ ਬ੍ਰੈਂਪਟਨ ਦੀ ਲੋੜ ਨੂੰ ਪੂਰਾ ਕਰਨ ਅਤੇ ਨਿਵਾਸੀਆਂ ਲਈ ਲੋਕਲ ਸਿੱਖਿਆ ਸਬੰਧੀ ਮੌਕੇ ਪ੍ਰਦਾਨ ਕਰਨ ਵਿੱਚ ਮਦਦ ਕਰੇਗਾ।"

*- ਪਾੱਲ ਮੋਰਿਸਨ (Paul Morrison), ਇੰਟਰਿਮ ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

"ਅਸੀਂ, ਬ੍ਰੈਂਪਟਨ ਵਿੱਚ ਪੋਸਟ ਸੈਕੰਡਰੀ ਮੌਕਿਆਂ ਨੂੰ ਵਧਾਉਣ ਲਈ ਬੇਹੱਦ ਉਤਸ਼ਾਹਿਤ ਹਾਂ, ਖਾਸ ਕਰਕੇ ਕਮਿਉਨਿਟੀ ਦੀਆਂ ਮਹੱਤਵਪੂਰਣ ਲੋੜਾਂ ਤੇ ਧਿਆਨ ਕੇਂਦਰਿਤ ਕਰਕੇ, ਜਦੋਂ ਕ੍ਰੋਨਿਕ ਬੀਮਾਰੀਆਂ ਤੇ ਧਿਆਨ ਦੇਣ ਦੀ ਗੱਲ ਆਉਂਦੀ ਹੈ। ਪੀਲ ਦੇ ਅੱਧੇ ਨਿਵਾਸੀਆਂ ਨੂੰ ਘੱਟੋ-ਘੱਟ ਇੱਕ ਨਿਦਾਨ ਹੋਈ ਕ੍ਰੋਨਿਕ ਬੀਮਾਰੀ ਹੈ ਅਤੇ ਬ੍ਰੈਂਪਟਨ ਦੀ 73 ਪ੍ਰਤੀਸ਼ਤ ਅਬਾਦੀ ਵਿਜੀਬਲ ਅਲਪ ਸੰਖਿਅਕ ਹੈ ਅਤੇ ਉਹਨਾਂ ਨੂੰ ਸੱਭਿਆਚਾਰਕ ਤੌਰ ਤੇ ਢੁੱਕਵੀਂ ਦੇਖਭਾਲ ਤੱਕ ਪਹੁੰਚ ਦੀ ਘਾਟ ਹੈ। ਇਸ ਕਮਿਉਨਿਟੀ ਨੂੰ ਸੈਂਟਰ ਫਾਰ ਕ੍ਰੋਨਿਕ ਡਿਜੀਜ ਮੈਨੇਜਮੈਂਟ ਦੀ ਲੋੜ ਹੈ, ਜੋ ਇਸ ਪ੍ਰੋਜੈਕਟ ਦਾ ਹਿੱਸਾ ਹੋਵੇਗਾ। ਇਹ, ਡਾਈਬਿਟੀਜ, ਕਾਰਡਿਓਵੈਸਕਿਊਲਰ ਬੀਮਾਰੀ ਅਤੇ ਹੋਰ ਕ੍ਰੋਨਿਕ ਬੀਮਾਰੀਆਂ ਤੋਂ ਪੀੜਿਤ ਲੋਕਾਂ ਲਈ, ਮਹੱਤਵਪੂਰਣ ਰੋਕਥਾਮ ਅਤੇ ਪ੍ਰਬੰਧਨ ਲੋੜਾਂ ਤੇ ਧਿਆਨ ਦੇਵੇਗਾ, ਜਿਸ ਕਰਕੇ ਲੋਕਾਂ ਨੂੰ ਐਮਰਜੈਂਸੀ ਰੂਮਸ ਵਿੱਚ ਜਾਣਾ ਪੈਂਦਾ ਹੈ। ਬ੍ਰੈਂਪਟਨ ਵਿੱਚ ਘੱਟੋ-ਘੱਟ 700 ਨਵੀਆਂ ਪੋਸਟ ਸੈਕੰਡਰੀ ਹੈਲਥ ਕੇਅਰ ਸੀਟਾਂ ਪ੍ਰਦਾਨ ਕਰਕੇ, ਅਸੀਂ ਪੀਲ ਰੀਜਨ ਵਿੱਚ, ਲੋਕਲ, ਉੱਚ ਟ੍ਰੇਨਿੰਗ ਪ੍ਰਾਪਤ ਹੈਲਥ ਕੇਅਰ ਪ੍ਰੋਫੈਸ਼ਨਲਾਂ ਨੂੰ ਰੱਖਣ ਵਿੱਚ ਮਦਦ ਕਰ ਰਹੇ ਹਾਂ।"

*- ਜੈਨੇਟ ਮੋਰਿਸਨ (Janet Morrison), ਪ੍ਰੈਜੀਡੈਂਟ ਅਤੇ ਵਾਈਸ-ਚਾਂਸਲਰ, ਸ਼ੈਰੀਡਨ ਕਾਲੇਜ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 70,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca